6 ਅਪ੍ਰੈਲ 2007 ਤੋਂ ਕਿਰਾਏਦਾਰ ਜਾਂ ਘਰ ਕਿਰਾਏ ’ਤੇ ਦੇਣ ਵਾਲੇ ਏਜੰਟ ਨੂੰ ਕਿਰਾਏਦਾਰ ਤੋਂ ਡਿਪਾਜ਼ਿਟ ਲੈਣ ਮਗਰੋਂ ਇਹ ਪੈਸੇ ਲਾਜ਼ਿਮੀ ਤੌਰ ’ਤੇ ਸਰਕਾਰ ਦੀ ਪ੍ਰਵਾਨਤ ਕਿਸੇ ਟੈਂਨੈਂਸੀ ਡਿਪਾਜ਼ਿਟ ਸਕੀਮ ਵਿਚ ਸੰਭਾਲ ਕੇ ਰੱਖਣੇ ਪੈਣਗੇ।

**ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?**

ਇਹ ਵੈੱਬਸਾਈਟ ਪੜ੍ਹੋ – **www.direct.gov.uk/tenancydeposit**
ਜਾਂ ਸਕੀਮ ਚਲਾਉਣ ਵਾਲਿਆਂ ਨਾਲ ਸਿੱਧਿਆਂ ਗੱਲਬਾਤ ਕਰੋ।

Communities and Local Government

ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?

**ਸਲਾਹ ਲੈਣ ਲਈ, ਇਹ ਵੈੱਬਸਾਈਟ ਪੜ੍ਹੋ:**

**www.direct.gov.uk/tenancydeposit** ਜਾਂ ਲੀਫ਼ਲੈਟ ਲਾਈਨ ਨੂੰ ਇਸ ਨੰਬਰ ‘ਤੇ ਫ਼ੋਨ ਕਰੋ: **0845 609 0696**

ਜਾਂ ਤੁਸੀਂ ਇਹਨਾਂ ਸੰਸਥਾਵਾਂ ਨਾਲ ਵੀ ਰਾਬਤਾ ਕਰ ਸਕਦੇ ਹੋ:

**Association of Residential Letting Agents**
**ਐਸੋਸੀਏਸ਼ਨ ਆੱਵ ਰੈਜ਼ੀਡੈਂਸ਼ਿਅਲ ਲੈੱਟਿੰਗ ਏਜੰਟਸ**
**www.arla.co.uk**

**National Association of Estate Agents**
**ਨੈਸ਼ਨਲ ਐਸੋਸੀਏਸ਼ਨ ਆੱਵ ਐਸਟੇਟ ਏਜੰਟਸ**
**www.naea.org.uk**

**Royal Institution of Chartered Surveyors**
**ਰਾਇਲ ਇੰਸਟੀਚਿਊਸ਼ਨ ਆੱਫ਼ ਚਾਰਟਰਡ ਸਰਵੇਅਰਜ਼**
**www.rics.org.uk**

**National Federation of Residential Landlords**
**ਨੈਸ਼ਨਲ ਫ਼ੈਡਰੇਸ਼ਨ ਆੱਵ ਰੈਜ਼ੀਡੈਂਸ਼ਿਅਲ ਲੈਂਡਲਾਰਡਜ਼**
**www.nfrl.co.uk**
**info@nfrl.co.uk**

**National Landlords Association**
**ਨੈਸ਼ਨਲ ਲੈਂਡਲਾਰਡਜ਼ ਐਸੋਸੀਏਸ਼ਨ**
**www.landlords.org.uk**

**Residential Landlords Association**
**ਰੈਜ਼ੀਡੈਂਸ਼ਿਅਲ ਲੈਂਡਲਾਰਡਜ਼ ਐਸੋਸੀਏਸ਼ਨ**
**www.rla.org.uk**

**Citizens Advice**
**ਸਿਟੀਜ਼ਨਜ਼ ਐਡਵਾਈਸ**
ਫ਼ੋਨ ਬੁਕ ਵਿਚ ਲੱਭੋ, ਅਤੇ
**www.adviceguide.org.uk**

Published by the Department for Communities and Local Government.
©Crown copyright 2007.
Printed on paper comprising no less than 75% post-consumer waste.
Product Code: 06HMD04101/LPUN

Communities and Local Government

# ਮਕਾਨ ਮਾਲਿਕ

## ਕੀ ਤੁਸੀਂ ਆਪਣੇ ਕਿਰਾਏਦਾਰ ਦੇ ਡਿਪਾਜ਼ਿਟ (ਬਿਆਨੇ) ਦੇ ਪੈਸੇ ਹਿਫ਼ਾਜ਼ਤ ਨਾਲ ਰੱਖਦੇ ਹੋ?

**ਕਿਰਾਏਦਾਰਾਂ ਦੇ ਡਿਪਾਜ਼ਿਟ ਦੀ ਸੰਭਾਲ**
6 ਅਪ੍ਰੈਲ 2007 ਤੋਂ

## ਕਿਰਾਏਦਾਰਾਂ ਦੇ ਡਿਪਾਜ਼ਿਟ (ਬਿਆਨੇ) ਦੇ ਪੈਸਿਆਂ ਦੀ ਸੰਭਾਲ ਦਾ ਕੀ ਮਤਲਬ ਹੈ?

ਤੁਹਾਡੇ ਸਵਾਲਾਂ ਦੇ ਜਵਾਬ...

### ਕੀ ਤੁਸੀਂ ਇੰਗਲੈਂਡ ਜਾਂ ਵੇਲਜ਼ ਵਿਚ 6 ਅਪ੍ਰੈਲ 2007 ਨੂੰ ਜਾਂ ਇਹਤੋਂ ਬਾਅਦ ਕੋਈ ਘਰ ਕਿਰਾਏ 'ਤੇ ਦਿਓਗੇ?

6 ਅਪ੍ਰੈਲ ਤੋਂ ਸਭ ਨਵੀਆਂ ਕਿਰਾਏਦਾਰੀਆਂ ਦੇ ਡਿਪਾਜ਼ਿਟਾਂ ਦੇ ਪੈਸੇ ਲਾਜ਼ਮੀ ਤੌਰ 'ਤੇ ਸਰਕਾਰ ਦੀ ਪ੍ਰਵਾਨਤ ਕਿਸੇ ਸਕੀਮ ਵਿਚ ਹਿਫ਼ਾਜ਼ਤ ਨਾਲ ਰੱਖਣੇ ਪੈਣਗੇ। ਜੇ ਕਿਰਾਏਦਾਰੀ 'ਅਸ਼ਿਓਰਡ ਸ਼ੌਰਟਹੋਲਡ' ਕਿਰਾਏਦਾਰੀ ਹੈ, ਤਾਂ ਇਹ ਨਿਯਮ ਲਾਗੂ ਹੁੰਦਾ ਹੈ।

ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਕਿਰਾਏਦਾਰ ਦੇ ਡਿਪਾਜ਼ਿਟ ਦੇ ਪੈਸੇ ਸੰਭਾਲ ਕੇ ਰੱਖੇ ਜਾਣ, ਤਾਕਿ:

- ਜਦ ਕਿਰਾਏਦਾਰ ਨੂੰ ਇਹ ਪੈਸੇ ਵਾਪਸ ਲੈਣ ਦਾ ਹੱਕ ਹੋਵੇ, ਤਾਂ ਉਹਨੂੰ ਇਹ ਪੈਸੇ ਜਾਂ ਇਹਨਾਂ ਦਾ ਕੁਝ ਹਿੱਸਾ ਵਾਪਸ ਮਿਲ ਜਾਏ
- ਕਿਰਾਏਦਾਰ ਅਤੇ ਉਹਦੇ ਮਕਾਨ-ਮਾਲਿਕ ਜਾਂ ਏਜੰਟ ਵਿਚਕਾਰ ਜੇ ਕੋਈ ਝਗੜਾ ਹੋਵੇ, ਤਾਂ ਉਹਨੂੰ ਸੁਲਝਾਉਣਾ ਵੱਧ ਸੌਖਾ ਹੋਵੇ
- ਕਿਰਾਏਦਾਰ ਨੇ ਜਿਹੜਾ ਘਰ ਕਿਰਾਏ 'ਤੇ ਲਿਆ ਹੈ, ਉਹਦੀ ਸੰਭਾਲ ਕਰਨ ਲਈ ਉਹਨੂੰ ਉਤਸ਼ਾਹ ਦਿੱਤਾ ਜਾਏ

### ਅਸ਼ਿਓਰਡ ਸ਼ੌਰਹੋਲਡ ਕਿਰਾਏਦਾਰੀਆਂ

1997 ਤੋਂ ਬਾਅਦ ਆਪਣੇ ਆਪ ਵਿਚ ਮੁਕੰਮਲ ਘਰਾਂ ਦੀਆਂ ਜ਼ਿਆਦਾਤਰ ਕਿਰਾਏਦਾਰੀਆਂ ਅਸ਼ਿਓਰਡ ਸ਼ੌਰਟਹੋਲਡ ਕਿਰਾਏਦਾਰੀਆਂ ਹੁੰਦੀਆਂ ਹਨ। ਅਸ਼ਿਓਰਡ ਸ਼ੌਰਟਹੋਲਡ ਕਿਰਾਏਦਾਰੀ ਨਾਲ ਕਿਰਾਏਦਾਰ ਨੂੰ ਆਮ ਤੌਰ 'ਤੇ ਘਰ ਵਿਚ ਘੱਟੋ-ਘੱਟ ਛੇ ਮਹੀਨੇ ਰਹਿਣ ਦਾ ਹੱਕ ਹੁੰਦਾ ਹੈ, ਪਰ ਮਕਾਨ ਮਾਲਿਕ ਜਾਂ ਏਜੰਟ ਇਹਤੋਂ ਵੱਧ ਸਮੇਂ ਲਈ ਵੀ ਉਹਨੂੰ ਰਹਿਣ ਦੇਣ ਲਈ ਮੰਨ ਸਕਦੇ ਹਨ।

ਕਿਰਾਏਦਾਰੀ ਖ਼ਤਮ ਹੋਣ 'ਤੇ ਮਕਾਨ ਮਾਲਿਕ ਜਾਂ ਏਜੰਟ ਕਿਰਾਏਦਾਰ ਨੂੰ ਜਾਇਜ਼ ਨੋਟਿਸ ਦੇਣ ਮਗਰੋਂ ਉਹਨੂੰ ਘਰ ਵਾਪਸ ਦੇਣ ਲਈ ਆਖ ਸਕਦੇ ਹਨ। ਪਰ ਜੇ ਉਹਨਾਂ ਨੇ ਇਹਤੋਂ ਪਹਿਲਾਂ ਘਰ ਵਾਪਸ ਲੈਣਾ ਹੋਵੇ, ਤਾਂ ਉਹ 1988 ਦੇ ਹਾਊਜ਼ਿੰਗ ਐਕਟ (Housing Act 1988) ਵਿਚ ਦੱਸੇ ਕਾਰਣਾਂ ਵਿੱਚੋਂ ਕਿਸੇ ਕਰਕੇ ਹੀ ਘਰ ਵਾਪਸ ਮੰਗ ਸਕਦੇ ਹਨ। ਜੇ ਕਿਰਾਏਦਾਰ ਜਾਣੋਂ ਨਾਂਹ ਕਰੇ, ਤਾਂ ਉਹਨੂੰ ਅਦਾਲਤ ਤੋਂ ਘਰ ਵਾਪਸ ਲੈਣ ਦਾ ਹੁਕਮ ਲਏ ਬਿਨਾਂ ਨਹੀਂ ਕੱਢਿਆ ਜਾ ਸਕਦਾ।

ਜੇ ਮਕਾਨ ਮਾਲਿਕ ਡਿਪਾਜ਼ਿਟ ਨੂੰ ਸੰਭਾਲ ਕੇ ਨਾ ਰੱਖੇ ਅਤੇ ਇਹਨੂੰ ਸੰਭਾਲ ਕੇ ਰੱਖਣ ਦੇ ਢੰਗ ਬਾਰੇ ਕਿਰਾਏਦਾਰ ਨੂੰ ਨਾ ਦੱਸੇ, ਕਿਰਾਏਦਾਰੀ ਖ਼ਤਮ ਹੋਣ 'ਤੇ ਘਰ ਵਾਪਸ ਲੈਣ ਦਾ ਉਹਦਾ ਹੱਕ ਆਪਣੇ ਆਪ ਹੀ ਖ਼ਤਮ ਹੋ ਜਾਏਗਾ।

## ਇਹ ਕੰਮ ਕਿਵੇਂ ਹੁੰਦਾ ਹੈ?

ਤੁਹਾਨੂੰ ਹਰ ਗੱਲ ਬਾਰੇ ਜਾਣਕਾਰੀ ਦੇਣ ਲਈ ਸਾਡੀ ਸੌਖੀ-ਜਿਹੀ ਗਾਈਡ ਇਹ ਹੈ...

### ਕਿਰਾਏਦਾਰ ਦਾ ਘਰ ਵਿਚ ਆਉਣਾ

ਕਿਰਾਏਦਾਰੀ ਸ਼ੁਰੂ ਹੋਣ ਵੇਲੇ ਕਿਰਾਏਦਾਰ ਆਮ ਢੰਗ ਨਾਲ ਡਿਪਾਜ਼ਿਟ ਦੇ ਪੈਸੇ ਮਕਾਨ ਮਾਲਿਕ ਜਾਂ ਏਜੰਟ ਨੂੰ ਦੇਵੇਗਾ/ਦੇਵੇਗੀ ਅਤੇ ਮਕਾਨ ਮਾਲਿਕ ਜਾਂ ਏਜੰਟ ਨੂੰ ਇਹ ਪੈਸੇ ਲਾਜ਼ਿਮੀ ਤੌਰ 'ਤੇ ਹਿਫ਼ਾਜ਼ਤ ਨਾਲ ਰੱਖਣੇ ਪੈਣਗੇ।

ਇਸ ਕੰਮ ਲਈ ਤਿੰਨ ਸਕੀਮਾਂ ਵਿਚੋਂ ਕਿਸੇ ਇਕ ਨੂੰ ਚੁਣਿਆ ਜਾ ਸਕਦਾ ਹੈ। ਇਕ ਸਕੀਮ ਕਸਟੋਡੀਅਲ (ਰਖਵਾਲੀ ਕਰਨ ਵਾਲੀ) ਹੈ, ਜੋ ਕਿਰਾਏਦਾਰੀ ਖ਼ਤਮ ਹੋਣ ਤਕ ਇਹਨਾਂ ਪੈਸਿਆਂ ਦੀ ਸੰਭਾਲ ਕਰਦੀ ਹੈ।

**ਕਸਟੋਡੀਅਲ ਸਕੀਮ** ਦੀ ਵਰਤੋਂ ਮੁਫ਼ਤ ਹੈ। ਕਿਰਾਏਦਾਰੀ ਸ਼ੁਰੂ ਹੋਣ ਵੇਲੇ ਮਕਾਨ ਮਾਲਿਕ ਜਾਂ ਏਜੰਟ ਇਸ ਸਕੀਮ ਵਿਚ ਪੈਸੇ ਰੱਖਦਾ ਹੈ।

ਦੋ ਸਕੀਮਾਂ **ਇੰਸ਼ੋਰੈਂਸ-ਬੇਸਡ** ਹਨ, ਜੋ ਡਿਪਾਜ਼ਿਟ ਦੇ ਪੈਸਿਆਂ ਦੀ ਇੰਸ਼ੋਰੈਂਸ ਕਰਦੀਆਂ ਹਨ।

ਇੰਸ਼ੋਰੈਂਸ-ਬੇਸਡ ਸਕੀਮ ਵਿਚ ਮਕਾਨ ਮਾਲਿਕ ਜਾਂ ਏਜੰਟ ਪੈਸੇ ਰੱਖਦਾ ਹੈ ਅਤੇ ਇਹਨਾਂ ਦੀ ਇੰਸ਼ੋਰੈਂਸ ਕਰਨ ਦੀ ਫ਼ੀਸ ਸਕੀਮ ਨੂੰ ਦਿੰਦਾ ਹੈ, ਤਾਕਿ ਜੇ ਉਹ ਕਿਰਾਏਦਾਰ ਦੇ ਪੈਸੇ ਵਾਪਸ ਦਾ ਦੇ ਸਕੇ, ਤਾਂ ਇਹ ਪੈਸੇ ਸੁਰੱਖਿਅਤ ਰਹਿਣ।

ਮਕਾਨ-ਮਾਲਿਕ ਜਾਂ ਏਜੰਟ ਨੂੰ ਲਾਜ਼ਿਮੀ ਤੌਰ 'ਤੇ 14 ਦਿਨਾਂ ਦੇ ਅੰਦਰ ਕਿਰਾਏਦਾਰ ਨੂੰ ਇਹ ਦੱਸਣਾ ਪਏਗਾ ਕਿ ਉਹਦੇ ਡਿਪਾਜ਼ਿਟ ਦੇ ਪੈਸੇ ਕਿਸ ਢੰਗ ਨਾਲ ਸਾਂਭੇ ਗਏ ਹਨ, ਜਿਵੇਂ ਕਿ:

- ਟੈਂਨੈਂਸੀ ਡਿਪਾਜ਼ਿਟ ਸਕੀਮ ਨਾਲ ਰਾਬਤਾ ਕਰਨ ਬਾਰੇ ਜਾਣਕਾਰੀ
- ਮਕਾਨ-ਮਾਲਿਕ ਜਾਂ ਏਜੰਟ ਨਾਲ ਰਾਬਤਾ ਕਰਨ ਬਾਰੇ ਜਾਣਕਾਰੀ
- ਡਿਪਾਜ਼ਿਟ ਦੇ ਪੈਸੇ ਕਢਵਾਉਣ ਲਈ ਅਰਜ਼ੀ ਦੇਣ ਦਾ ਤਰੀਕਾ
- ਡਿਪਾਜ਼ਿਟ ਲੈਣ ਦੇ ਮਕਸਦ ਬਾਰੇ ਜਾਣਕਾਰੀ
- ਜੇ ਡਿਪਾਜ਼ਿਟ ਬਾਰੇ ਕੋਈ ਝਗੜਾ ਹੋਵੇ, ਤਾਂ ਕੀ ਕੀਤਾ ਜਾ ਸਕਦਾ ਹੈ

**ਕਿਰਾਏਦਾਰ ਦੀ ਵੀ ਇਹ ਜ਼ਿੰਮੇਦਾਰੀ ਹੈ** ਕਿ ਜਿਸ ਹਾਲਤ ਵਿਚ ਘਰ ਉਹਨੂੰ ਦਿੱਤਾ ਗਿਆ ਸੀ, ਉਸੇ ਹਾਲਤ ਵਿਚ ਇਹਨੂੰ ਵਾਪਸ ਕਰੇ। ਝਗੜੇ ਦੀ ਸੰਭਾਵਨਾ ਨੂੰ ਘਟਾਉਣ ਲਈ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਿਰਾਏਦਾਰੀ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਹੇਠ ਲਿਖੇ ਕੰਮ ਕੀਤੇ ਜਾਣ:

- ਘਰ ਵਿਚ ਪਏ ਹੋਏ ਸਾਮਾਨ (ਫ਼ਰਨੀਚਰ ਅਤੇ ਫ਼ਿਟ ਹੋਈਆਂ ਚੀਜ਼ਾਂ) ਬਾਰੇ ਸਹਿਮਤ ਹੋਣਾ
- ਘਰ ਅਤੇ ਘਰ ਦੇ ਸਾਮਾਨ ਦੀ ਹਾਲਤ ਬਾਰੇ ਲਿਖ ਕੇ ਰੱਖਣਾ (ਫ਼ੋਟੋ ਖਿੱਚ ਲੈਣਾ ਚੰਗੀ ਗੱਲ ਹੈ)
- ਕਿਰਾਏਦਾਰੀ ਖ਼ਤਮ ਹੋਣ 'ਤੇ ਕੀਤੀ ਜਾਣ ਵਾਲੀ ਸਫ਼ਾਈ ਬਾਰੇ ਅਤੇ ਘਰ ਦੀ ਘਸਾਈ ਜਾਂ ਟੁੱਟ-ਭੱਜ ਬਾਰੇ ਸਹਿਮਤ ਹੋਣਾ
- ਇਹ ਪਤਾ ਕਰਨਾ ਕਿ ਕਿਹਨਾਂ ਹਾਲਤਾਂ ਵਿਚ ਮਕਾਨ-ਮਾਲਿਕ ਜਾਂ ਏਜੰਟ ਡਿਪਾਜ਼ਿਟ ਦੇ ਪੈਸਿਆਂ 'ਤੇ ਆਪਣਾ ਹੱਕ ਜਤਾ ਸਕਦਾ ਹੈ

### ਘਰ ਛੱਡ ਕੇ ਜਾਣਾ

ਕਿਰਾਏਦਾਰੀ ਖ਼ਤਮ ਹੋਣ 'ਤੇ ਘਰ ਅਤੇ ਘਰ ਵਿਚ ਪਾਏ ਗਏ ਸਾਮਾਨ ਦੀ ਹਾਲਤ ਨੂੰ ਕਿਰਾਏਦਾਰੀ ਦੇ ਸਮਝੌਤੇ ਨਾਲ ਮੇਲ ਕੇ ਦੇਖਣਾ ਚਾਹੀਦਾ ਹੈ। ਮਕਾਨ ਮਾਲਿਕ ਜਾਂ ਏਜੰਟ ਨੂੰ ਕਿਰਾਏਦਾਰ ਨਾਲ ਵਿਚਾਰ ਕਰਕੇ ਇਸ ਗੱਲ ਬਾਰੇ ਸਹਿਮਤ ਹੋਣਾ ਚਾਹੀਦਾ ਹੈ ਕਿ ਡਿਪਾਜ਼ਿਟ ਦੇ ਕਿੰਨੇ ਪੈਸੇ ਵਾਪਸ ਕੀਤੇ ਜਾਣ। ਮੰਨੀ ਗਈ ਰਕਮ 10 ਦਿਨਾਂ ਦੇ ਅੰਦਰ ਵਾਪਸ ਕੀਤੀ ਜਾਣੀ ਚਾਹੀਦੀ ਹੈ। .

### ਸਕੀਮਾਂ ਚਲਾਉਣ ਵਾਲ

ਕਿਰਾਏਦਾਰਾਂ ਦੇ ਡਿਪਾਜ਼ਿਟ ਦੀ ਸੰਭਾਲ ਲਈ ਸਰਕਾਰ ਦੀਆਂ ਤਿੰਨ ਪ੍ਰਵਾਨਤ ਸਕੀਮਾਂ ਹਨ। ਕਿਰਾਏਦਾਰਾਂ ਤੋਂ ਡਿਪਾਜ਼ਿਟ ਲੈਣ ਤੋਂ ਪਹਿਲਾਂ ਮਕਾਨ ਮਾਲਿਕਾਂ ਅਤੇ ਏਜੰਟਾਂ ਨੂੰ ਇਹਨਾ ਸਕੀਮਾਂ ਬਾਰੇ ਅਤੇ ਆਪਣੇ ਆਪਣੀਆਂ ਕਾਨੂੰਨੀ ਜ਼ਿੰਮੇਦਾਰੀਆਂ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ।

ਇਕ **ਕਸਟੋਡੀਅਲ ਸਕੀਮ** (ਰਖਵਾਲੀ ਕਰਨ ਵਾਲੀ ਸਕੀਮ ਹੈ):

The Deposit Protection Service (ਡਿਪਾਜ਼ਿਟ ਪ੍ਰੋਟੈਕਸ਼ਨ ਸਕੀਮ)
www.depositprotection.com  0870 707 1 707

ਅਤੇ ਦੋ **ਇੰਸ਼ੋਰੈਂਸ-ਬੇਸਡ ਸਕੀਮਾਂ** ਹਨ:

Tenancy Deposit Solutions Ltd (ਟੈਂਨੈਂਸੀ ਡਿਪਾਜ਼ਿਟ ਸੌਲਿਊਸ਼ਨਜ਼ ਲਿਮਿਟਡ)
www.mydeposits.co.uk  info@mydeposits.co.uk

The Tenancy Deposit Scheme (ਟੈਂਨੈਮਸੀ ਡਿਾਪਜ਼ਿਟ ਸਕੀਮ)
www.tds.gb.com  0845 226 7837

### ਝਗੜੇ ਨਿਪਟਾਉਣਾ

ਜੇ ਇਸ ਗੱਲ ਬਾਰੇ ਕੋਈ ਸਹਿਮਤੀ ਨਾ ਹੋ ਸਕੇ ਕਿ ਡਿਪਾਜ਼ਿਟ ਦੇ ਕਿੰਨੇ ਪੈਸੇ ਵਾਪਸ ਦਿੱਤੇ ਜਾਣੇ ਚਾਹੀਦੇ ਹਨ, ਤਾਂ ਡਿਪਾਜ਼ਿਟ ਦੀ ਹਿਫ਼ਾਜ਼ਤ ਕਰਨ ਵਾਲੀ ਸਕੀਮ ਇਸ ਝਗੜੇ ਨੂੰ ਨਿਪਟਾਉਣ ਦੀ ਸਹੂਲਤ ਮੁਫ਼ਤ ਦੇਵੇਗੀ। ਡਿਪਾਜ਼ਿਟ ਦੇ ਜਿੰਨੇ ਹਿੱਸੇ ਬਾਰੇ ਝਗੜਾ ਹੋਵੇ, ਉਹ ਪੈਸੇ ਝਗੜੇ ਦਾ ਨਿਪਟਾਰਾ ਹੋਣ ਤਕ ਸਕੀਮ ਕੋਲ ਪਏ ਰਹਿਣਗੇ।

### ਜੇ ਤੁਸੀਂ ਕਿਰਾਏਦਾਰ ਦੇ ਡਿਪਾਜ਼ਿਟ ਦੀ ਹਿਫ਼ਾਜ਼ਤ ਨਾ ਕਰੋ, ਤਾਂ ਕੀ ਹੋਏਗਾ?

ਕਿਰਾਏਦਾਰ ਇਲਾਕੇ ਦੇ ਕਾਊਂਟੀ ਕੋਰਟ ਵਿਚ ਅਰਜ਼ੀ ਦੇ ਸਕਦਾ/ਸਕਦੀ ਹੈ। ਕਾਊਂਟੀ ਕੋਰਟ ਮਕਾਨ ਮਾਲਿਕ ਜਾਂ ਏਜੰਟ ਨੂੰ ਹੁਕਮ ਦੇ ਸਕਦੀ ਹੈ ਕਿ ਉਹ ਡਿਪਾਜ਼ਿਟ ਦੇ ਪੈਸੇ ਜਾਂ ਕਿਰਾਏਦਾਰ ਨੂੰ ਵਾਪਸ ਦੇਵੇ ਜਾਂ ਇਹਨਾਂ ਨੂੰ ਸਕੀਮ ਵਿਚ ਜਮ੍ਹਾਂ ਕਰਵਾਏ। ਜੇ ਮਕਾਨ ਮਾਲਿਕ ਜਾਂ ਏਜੰਟ ਨੇ ਡਿਪਾਜ਼ਿਟ ਨੂੰ ਇਸ ਤਰ੍ਹਾਂ ਸੰਭਾਲ ਕੇ ਨਹੀਂ ਰੱਖਿਆ ਅਤੇ ਉਹ 14 ਦਿਨਾਂ ਦੇ ਅੰਦਰ-ਅੰਦਰ ਅਜਿਹਾ ਨਾ ਕਰੇ, ਉਹਨੂੰ ਡਿਪਾਜ਼ਿਟ ਦੇ ਪੈਸਿਆਂ ਨਾਲੋਂ ਤਿੰਨ ਗੁਣਾ ਪੈਸੇ ਕਿਰਾਏਦਾਰ ਨੂੰ ਵਾਪਸ ਦੇਣ ਦਾ ਹੁਕਮ ਦਿੱਤਾ ਜਾਏਗਾ।